# ਉਪ ਮੰਡਲ ਅਫ਼ਸਰ (ਪਰ) ਪਟਿਆਲਾ

ਜ਼ਿਲ੍ਹਾ ਪ੍ਰੀਸ਼ਦ ਕੰਪਲੈਕਸ ਸਰਹਿੰਦ ਰੋਡ, ਪਟਿਆਲਾ E-mail. sdoprpatiala@gmail.com

ਵੱਲ

Principal,
Brainwood Global School,
Bhedpura,Patiala.
ਮੀਮੋ ਨੰ: 503

ਵਿਸ਼ਾ: ਬਿਲਡਿੰਗ ਸੇਫਟੀ ਸਰਟੀਫਿਕੇਟ ਜਾਰੀ ਕਰਨ ਸਬੰਧੀ। ਮਿਤੀ: 10/4/26

ਹਵਾਲਾ:- ਆਪ ਦੀ ਪ੍ਰਤੀ ਬੇਨਤੀ ਮਿਤੀ 09/04/2026 ਦੇ ਸਬੰਧ ਵਿੱਚ।

ਆਪ ਜੀ ਦੇ ਸਕੂਲ ਲਈ ਬਿਲਡਿੰਗ ਸੇਫਟੀ ਸਰਟੀਫਿਕੇਟ ਆਪ ਜੀ ਵੱਲੋਂ ਦਿੱਤੀ ਗਈ ਪ੍ਰਤੀ ਬੇਨਤੀ ਦੇ ਆਧਾਰ ਤੇ ਅਤੇ ਆਪ ਵੱਲੋਂ ਪੇਸ਼ ਕੀਤੇ ਗਏ ਨਕਸ਼ੇ ਅਤੇ ਸਬੰਧਤ ਜੂਨੀਅਰ ਇੰਜੀਨੀਅਰ ਵੱਲੋਂ ਕੀਤੀ ਗਈ ਰਿਪੋਰਟ ਅਨੁਸਾਰ ਕਿ ਬਿਲਡਿੰਗ ਵੇਖਣ ਨੂੰ ਸੁਰੱਖਿਅਤ ਜਾਪਦੀ ਹੈ ਅਤੇ ਇਹ ਇਮਾਰਤ ਵਰਤਣ ਯੋਗ ਹੈ, ਦੇ ਆਧਾਰ ਤੇ ਮਿਤੀ 31/03/2027 ਤੱਕ ਹੇਠ ਲਿਖੀਆਂ ਸ਼ਰਤਾਂ ਤੇ ਜਾਰੀ ਕੀਤਾ ਜਾਂਦਾ ਹੈ ਕਿ:-

1) ਆਪ ਇਸ ਸਮੇ ਦੌਰਾਨ ਇਸ ਬਿਲਡਿੰਗ ਦੇ ਪੇਸ਼ ਕੀਤੇ ਨਕਸ਼ੇ ਵਿੱਚ ਕੋਈ ਵਾਧਾ ਜਾਂ ਤਰਮੀਮ ਨਹੀਂਕਰੋਂਗੇ। ਜੇਕਰ ਆਪ ਦੀ ਸੰਸਥਾ ਵੱਲੋਂ ਅਜਿਹਾ ਕੀਤਾ ਗਿਆ ਤਾਂ ਇਹ ਸਰਟੀਫਿਕੇਟ ਰੱਦ ਸਮਝਿਆ ਜਾਵੇਗਾ ਅਤੇ ਆਪ ਨੂੰ ਨਵਾਂ ਸਕੂਲ ਸਰਟੀਫਿਕੇਟ ਜਾਰੀ ਕਰਵਾਉਣ ਹਿੱਤ ਦੁਬਾਰਾ ਤੋਂ ਅਪਲਾਈ ਕਰਨਾ ਹੋਵੇਗਾ।
2) ਜੇਕਰ ਆਪ ਵੱਲੋਂ ਇਸ ਬਿਲਡਿੰਗ ਵਿੱਚ ਕਿਸੇ ਕਿਸਮ ਦਾ ਵਾਧਾ ਜਾਂ ਤਰਮੀਮ ਕੀਤਾ ਜਾਂਦਾ ਹੈ ਤਾਂ ਇਹ ਕਿਸੇ ਸਰਟੀਫਾਇਡ ਇੰਜੀਨੀਅਰ ਦੀ ਦੇਖ-ਰੇਖ ਵਿੱਚ ਅਤੇ ਇਸ ਦਫਤਰ ਨੂੰ ਸੂਚਨਾ ਦਿੰਦਿਆਂ ਹੋਇਆ ਕਰਵਾਇਆ ਜਾਵੇ। ਵਾਧਾ ਮੁਕੰਮਲ ਹੋਣ ਉਪਰੰਤ ਆਪ ਇਹ ਸਰਟੀਫਿਕੇਟ ਦੁਬਾਰਾ ਤੋਂ ਜਾਰੀ ਕਰਵਾਉਗੇ।
3) ਜੇਕਰ ਕਿਸੇ ਕੁਦਰਤੀ ਕਾਰਨਾਂ ਕਰਕੇ ਇਸ ਇਮਾਰਤ ਨੂੰ ਕਿਸੇ ਕਿਸਮ ਦਾ ਨੁਕਾਸਨ ਪਹੁੰਚਦਾ ਹੈ ਤਾਂ ਇਸ ਦਫਤਰ ਨੂੰ ਫੌਰੀ ਤੌਰ ਤੇ ਸੂਚਨਾ ਦਿੱਤੀ ਜਾਵੇ ਜੀ।
4) ਇਹ ਸਰਟੀਫਿਕੇਟ ਮਿਤੀ 31-03-2027 ਤੱਕ ਹੀ ਵੈਲਿਡ ਹੋਵੇਗਾ।
5) ਸੜਕ ਤੋਂ ਸਕੂਲ ਤੱਕ ਅਤੇ ਸੜਕ ਕਰਾਸਿੰਗ ਲਈ ਲੋੜੀਂਦੇ ਪ੍ਰਬੰਧ ਸਹੀ ਢੰਗ ਨਾਲ ਕੀਤੇ ਜਾਣ ਅਤੇ ਲੋੜੀਂਦੇ ਨਿਸ਼ਾਨ ਚਿੰਨ ਅਤੇ ਨਿਸ਼ਾਨ ਬੋਰਡ ਆਪਣੇ ਪੱਧਰ ਤੇ ਲਗਾਏ ਜਾਣੇ ਯਕੀਨੀ ਬਣਾਏ ਜਾਣ।
6) ਮਾਨਯੋਗ ਸੁਪਰੀਮ ਕੋਰਟ ਆਫ ਇੰਡੀਆ ਵੱਲੋਂ ਜਾਰੀ ਸਕੂਲ ਬੱਸਾਂ ਵਿੱਚ ਸੁਰੱਖਿਆ ਸਬੰਧੀ ਹਦਾਇਤਾਂ ਦੀ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।
7) ਪਾਰਕਿੰਗ ਲਈ ਇੰਤਜ਼ਾਮ ਸਕੂਲ ਅਥਾਰਟੀ ਆਪਣੇ ਪੱਧਰ ਤੇ ਕਰੇਗੀ, ਜਿਸ ਨਾਲ ਪਬਲਿਕ ਨੂੰ ਕਿਸੇ ਕਿਸਮ ਦੀ ਦਿੱਕਤ ਪੇਸ਼ ਨਹੀਂ ਆਉਣੀ ਚਾਹੀਦੀ ਹੈ।

ਉਪ ਮੰਡਲ ਅਫ਼ਸਰ(ਪਰ)
ਪਟਿਆਲਾ।

ਪਿੱਠ ਅੰਕਣ ਨੰ: ਮਿਤੀ:

ਉਪਰੋਕਤ ਦਾ ਉਤਾਰਾ ਕਾਰਜਕਾਰੀ ਇੰਜੀਨੀਅਰ (ਪਰਡ) ਪਟਿਆਲਾ ਜੀ ਨੂੰ ਸਮੇਤ ਡਰਾਫਟ ਨੰ. 001126 ਮਿਤੀ 06/04/2026 (ਐਕਿਸਸ ਬੈਂਕ) ਰਕਮੀਂ 5000/-ਰੁ: ਦੇ ਸੂਚਨਾ/ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਨੱਥੀ/ਬੈਂਕ ਡਰਾਫਟ ਉਕਤ ਅਨੁਸਾਰ

ਉਪ ਮੰਡਲ ਅਫਸਰ(ਪਰ)
ਪਟਿਆਲਾ।